# ਕੌਮੀ ਰੋਜ਼ਗਾਰ ਗਰੰਟੀ ਦੀ ਸਕੀਮ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਸਕੀਮ

ਕਾਂਗਰਸ ਅਤੇ ਉਸਦੇ ਜੋਟੀਦਾਰਾਂ ਦੀ ਸਰਕਾਰ ਨੇ ਹੁਣੇ ਜਿਹੇ ਇਕ ਕੌਮੀ ਰੋਜ਼ਗਾਰ ਗਰੰਟੀ ਸਕੀਮ ਦਾ ਕਾਨੂੰਨ ਬਣਾਇਆ ਜਿਸ ਦੇ ਤਹਿਤ, ਉਹ ਕਹਿੰਦੇ ਹਨ, ਦੇਹਾਤੀ ਇਲਾਕਿਆਂ ਵਿਚ ਲੋਕਾਂ ਨੂੰ ਰੋਜ਼ਗਾਰ ਦੇਣ ਬਾਰੇ ਕੁਝ ਅਹਿਮ ਕਦਮ ਚੁਕੇ ਜਾਣਗੇ। ਯੂ.ਪੀ.ਏ. ਨੇ ਆਪਣੇ ਸਾਂਝੇ ਪਰੋਗਰਾਮ ਵਿਚ ਵੀ ਇਸ ਬਾਰੇ ਵਾਅਦਾ ਕੀਤਾ ਸੀ। ਇਹ ਕਾਨੂੰਨ ਲੋਕ ਸਭਾ ਵਿਚ ਦਸੰਬਰ 2004 ਵਿਚ ਪਾਸ ਕੀਤਾ ਗਿਆ ਸੀ ਅਤੇ 7 ਸਤੰਬਰ 2005 ਨੂੰ ਦਰਜ ਕੀਤਾ ਗਿਆ ਹੈ।

ਸਰਕਾਰ ਕਹਿੰਦੀ ਹੈ ਕਿ ਇਸ ਕਾਨੰਨ ਦਾ ਮੰਤਵ ਦੇਹਾਤੀ ਇਲਾਕਿਆਂ ਵਿਚ ਰਹਿੰਦੇ ਪਰਿਵਾਰਾਂ ਲਈ ਰੁਜ਼ਗਾਰ ਦੇ ਵਸੀਲੇ ਵਧਾਉਣਾ ਹੈ। ਇਸ ਸਕੀਮ ਤਹਿਤ ਹਰੇਕ ਪਰਿਵਾਰ ਨੂੰ ਸਾਲ ਵਿਚ ਘੱਟੋ ਘੱਟ 100 ਦਿਨ ਰੁਜ਼ਗਾਰ ਦੀ ਗਰੰਟੀ ਦਿਤੀ ਜਾਵੇਗੀ ਜਿਹੜੇ ਦਿਹਾੜੀ ਤੇ ਮਜ਼ਦੂਰੀ ਕਰਨ ਨੂੰ ਰਾਜ਼ੀ ਹਨ। ਇਸ ਸਕੀਮ ਹੇਠ ਪਾਣੀ ਬਚਾਉਣ, ਮੀਂਹ ਦੇ ਪਾਣੀ ਨੂੰ ਇਕੱਠਾ ਕਰਨ, ਦਰੱਖ਼ਤ ਲਾਉਣ, ਨਹਿਰਾਂ ਕੱਢਣ, ਤਲਾਬਾਂ ਦੀ ਸਫ਼ਾਈ , ਹੜਾਂ ਨੂੰ ਰੋਕਣ , ਸੜਕਾਂ ਬਣਾਉਣ  ਅਤੇ ਹੋਰ ਇਹੋ ਜਿਹੇ ਕੰਮ ਕੀਤੇ ਜਾਣਗੇ ਤੇ ਇਨ੍ਹਾਂ ਕੰਮਾਂ ਬਾਰੇ ਕੇਂਦਰੀ ਸਰਕਾਰ ਸੂਬਾ ਸਰਕਾਰਾਂ ਨਾਲ ਸਲਾਹ ਮਸ਼ਵਰਾ ਕਰਕੇ ਅੱਗੇ ਦਾ ਕੰਮ ਸ਼ੁਰੂ ਕਰੇਗੀ। ਜਿਥੇ ਤੱਕ ਮੁਮਕਿਨ ਹੋ ਸਕੇ ਇਨ੍ਹਾਂ ਸਾਰਿਆਂ ਕੰਮਾਂ ਲਈ ਠੇਕੇਦਾਰਾਂ ਨੂੰ ਠੇਕੇ ਨਹੀਂ ਦਿਤੇ ਜਾਣਗੇ ਅਤੇ ਮਸ਼ੀਨਾਂ ਦੀ ਜਗ੍ਹਾ ਹੱਥਾਂ ਨਾਲ ਸਾਰਾ ਕੰਮ ਕੀਤਾ ਜਾਵੇਗਾ। ਇਸ ਸਕੀਮ ਦਾ ਉਹ ਸਾਰੇ ਹੀ ਪਰਿਵਾਰ ਫ਼ਾਇਦਾ ਉਠਾ ਸਕਦੇ ਹਨ ਜਿਨ੍ਹਾਂ ਕੋਲ ਕੋਈ ਹੁਨਰ ਨਹੀਂ ਹੈ ਅਤੇ ਸਿਰਫ ਮਜ਼ਦੂਰੀ ਹੀ ਕਰ ਸਕਦੇ ਹਨ। ਹਰੇਕ ਪਰਿਵਾਰ ਗਰਾਮ ਪੰਚਾਇਤ ਕੋਲ ਸਾਰੇ ਬਾਲਗਾਂ ਦੇ ਨਾਂ ਦਰਜ ਕਰਵਾ ਕੇ ਇਕ ਰੁਜ਼ਗਾਰ ਕਾਰਡ ਹਾਸਲ ਕਰੇਗਾ। ਗਰਾਮ ਪੰਚਾਇਤ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਨਾਂ, ਉਮਰ ਅਤੇ ਪਤਾ ਦਰਜ ਕਰਕੇ ਅਤੇ ਤਹਕੀਕਾਤ ਕਰਕੇ ਪਰਿਵਾਰ ਦੇ ਬਾਲਗਾਂ ਨੂੰ ਫੋਟੋ ਵਾਲਾ ਰੁਜ਼ਗਾਰ ਕਾਰਡ ਬਣਾ ਕੇ ਦੇਵੇ। ਜਿਹੜੇ ਵੀ ਪਰਿਵਾਰਾਂ ਨੇ ਇਸ ਤਰਾਂ ਆਪਣੇ ਨਾਂ ਦਰਜ ਕਰਵਾਏ ਹਨ ਉਨ੍ਹਾਂ ਨੂੰ ਸਾਲ ਵਿਚ ਘੱਟੋ ਘੱਟ 100 ਦਿਨ ਦੀ ਦਿਹਾੜੀ ਦੀ ਗਰੰਟੀ ਦਿਤੀ ਜਾਵੇਗੀ। ਇਹ ਦਿਹਾੜੀ 60 ਰੁਪਏ ਤੋਂ ਘੱਟ ਨਹੀਂ ਹੋਵੇਗੀ। ਨਾਂ ਪਤਾ ਦਰਜ ਕਰਵਾਉਣ ਦੇ ਬਾਅਦ 15 ਦਿਨਾਂ ਦੇ ਵਿਚ ਵਿਚ ਹੀ ਰੁਜ਼ਗਾਰ ਦਾ ਇੰਤਜ਼ਾਮ ਕੀਤਾ ਜਾਵੇਗਾ। ਜੇ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਤਾਂ ਉਨ੍ਹਾਂ ਨੂੰ ਰੋਜ਼ਾਨਾ ਦੇ ਹਿਸਾਬ ਨਾਲ ਨਕਦ ਪੈਸੇ ਦਿੱਤੇ ਜਾਣਗੇ। ਰੁਜ਼ਗਾਰ ਪਿੰਡ ਤੋਂ ਪੰਜ ਕਿਲੋਮੀਟਰ ਦੇ ਘੇਰੇ ਵਿਚ ਹੀ ਦਿਤਾ ਜਾਵੇਗਾ। ਜੇ ਕਿਸੇ ਨੂੰ ਕੰਮ ਲਈ ਪੰਜ ਕਿਲੋਮੀਟਰ ਤੋਂ ਜ਼ਿਆਦਾ ਦੂਰ ਜਾਣ ਦੀ ਲੋੜ ਪਈ ਤਾਂ ਦਿਹਾੜੀ ਦਾ 10 ਫ਼ੀ ਸਦੀ ਸਫ਼ਰ ਖ਼ਰਚ ਲਈ ਵੀ ਦਿਤਾ ਜਾਵੇਗਾ। ਇਸ ਤਰਾਂ ਮਜ਼ਦੂਰੀ ਕਰਨ ਵਾਲਿਆਂ ਨੂੰ ਹਫਤਾਵਾਰੀ ਜਾਂ ਵੱਧ ਤੋਂ ਵੱਧ ਦੋ ਹਫਤਿਆਂ ਵਿਚ ਇਕ ਵਾਰੀ ਤਨਖਾਹ ਦਿਤੀ ਜਾਵੇਗੀ।

ਵਾਅਦੇ ਕੀਤੇ ਗਏ ਹਨ ਕਿ ਕਿਸੇ ਮਜ਼ਦੂਰ ਦੇ ਕੰਮ ਤੇ ਸੱਟ ਲਗਣ ਨਾਲ ਜਾਂ ਜ਼ਖ਼ਮੀ ਹੋਣ ਦੀ ਸੂਰਤ ਵਿਚ ਉਸ ਦਾ ਇਲਾਜ ਮੁਫ਼ਤ ਕੀਤਾ ਜਾਵੇਗਾ। ਜੇ ਉਸ ਨੂੰ ਹਸਪਤਾਲ ਵਿਚ ਦਾਖਲ ਹੋਣਾ ਪਿਆ ਤਾਂ ਸਰਕਾਰ ਉਸ ਦੇ ਇਲਾਜ ਅਤੇ ਹੋਰ ਖ਼ਰਚ ਦਾ ਜ਼ਿੰਮਾ ਵੀ ਲਵੇਗੀ ਜਿਹੜਾ ਘੱਟ ਤੋਂ ਘੱਟ ਉਸ ਦੀ ਦਿਹਾੜੀ ਦੇ ਅੱਧ ਤੋਂ ਘੱਟ ਨਹੀਂ ਹੋਵੇਗਾ। ਜੇ ਕਿਸੇ ਮਜ਼ਦੂਰ ਦੀ ਮੌਤ ਹੋ ਜਾਂਦੀ ਹੈ ਜਾਂ ਉਸ ਨੂੰ ਕੋਈ ਐਸੀ ਸੱਟ ਲਗਦੀ ਹੈ ਜਿਸ ਦੀ ਵਜਾਹ ਨਾਲ ਉਹ ਕੰਮ ਕਰਨ ਦੇ ਕਾਬਲ ਨਹੀਂ ਰਹਿੰਦਾ ਤਾਂ ਉਸ ਨੂੰ ਜਾ ਉਸ ਦੇ ਵਾਰਸਾਂ ਨੂੰ 25 ਹਜ਼ਾਰ ਰੁਪਏ ਦਿਤੇ ਜਾਣਗੇ। ਇਨ੍ਹਾਂ ਕੰਮਾਂ ਬਾਰੇ ਗਰਾਮ ਪੰਚਾਇਤ, ਗਰਾਮ ਸਭਾ ਅਤੇ ਵਾਰਡ ਸਭਾ ਦੀ ਸਲਾਹ ਨਾਲ ਯੋਜਨਾ ਬਣਾ ਕੇ ਪਰੋਗਰਾਮ ਅਫ਼ਸਰ ਨੂੰ ਭੇਜੇਗੀ। ਜ਼ਿਲਾ ਪੰਚਾਇਤ ਦੀ ਮਨਜ਼ੂਰੀ ਬਾਅਦ ਹੀ ਇਹ ਕੰਮ ਸ਼ੁਰੂ ਕੀਤੇ ਜਾਣਗੇ। ਜ਼ਿਲਾ ਪੰਚਾਇਤ ਆਪਣੀ ਮਨਜ਼ੂਰੀ ਬਾਅਦ ਇਹ ਕੰਮ ਵੱਖ ਵੱਖ ਮਹਿਕਮਿਆਂ ਜਾਂ ਗੈਰ ਸਰਕਾਰੀ ਸੰਸਥਾਵਾਂ ਨੂੰ ਦੇਵੇਗੀ। ਲਾਗਤ ਦਾ 50 ਫ਼ੀ ਸਦੀ ਦਾ ਕੰਮ ਗਰਾਮ ਪੰਚਾਇਤ ਹੀ ਕਰੇਗੀ। ਪਰੋਗਰਾਮ ਅਫ਼ਸਰ ਹਰੇਕ ਗਰਾਮ ਪੰਚਾਇਤ ਨੂੰ ਇਕ ਰਜਿਸਟਰ ਦੇਵੇਗਾ ਜਿਸ ਵਿਚ ਸਾਰੇ ਮਨਜ਼ੂਰ ਸ਼ੁਦਾ ਕੰਮ ਦਰਜ ਹੋਣਗੇ। ਇਸ ਵਿਚ ਉਸ ਪਿੰਡ ਦੇ ਆਸ ਪਾਸ ਹੋਰਨਾਂ ਪਿੰਡਾ ਵਿਚ ਰੁਜ਼ਗਾਰ ਬਾਰੇ ਵੀ ਸੂਚੀ ਦਰਜ ਹੋਵੇਗੀ। ਗਰਾਮ ਪੰਚਾਇਤ ਹੀ ਕੰਮ ਲਈ ਦਰਜ ਕੀਤੇ ਹੋਏ ਪਰਿਵਾਰਾਂ ਨੂੰ ਕੰਮ ਦੇਣ ਬਾਰੇ ਫੈਸਲਾ ਕਰੇਗੀ। ਕੇਂਦਰੀ ਅਤੇ ਸੂਬਾਈ ਸਰਕਾਰਾਂ ਇਸ ਕਾਨੂੰਨ ਤਹਿਤ ਕੀਤੇ ਜਾ ਰਹੇ ਕੰਮਾਂ ਦੀ ਨਿਗਰਾਨੀ ਦੀਆਂ ਜ਼ਿੰਮੇਵਾਰ ਹੋਣਗੀਆਂ। ਗਰਾਮ ਸਭਾ ਵੀ ਇਨ੍ਹਾਂ ਕੰਮਾਂ ਦੀ ਦੇਖਰੇਖ ਕਰੇਗੀ। ਗਰਾਮ ਪੰਚਾਇਤ ਆਪਣੇ ਦੇ ਹਲਕੇ ਮਾਤਹਿਤ ਸਾਰੇ ਹੀ ਪਰਾਜੈਕਟਾਂ ਦਾ ਮੁਆਇਨਾ ਕਰੇਗੀ। ਗਰਾਮ ਪੰਚਾਇਤ ਇਨ੍ਹਾਂ ਪਰਾਜੈਕਟਾਂ ਸੰਬੰਧੀ  ਸਾਰੇ ਕਾਗਜ਼ਾਤ ਗਰਾਮ ਸਭਾ ਨੂੰ ਦੇਵੇਗੀ ਤਾਂਕਿ ਉਹ ਸਹੀ ਜਾਂਚ ਕਰ ਸਕੇ। ਜ਼ਿਲਾ ਪੰਚਾਇਤ ਵੀ ਇਨ੍ਹਾਂ ਕੰਮਾਂ ਦਾ ਮੁਆਇਨਾ ਕਰੇਗੀ। ਇਸ ਰੁਜ਼ਗਾਰ ਸਕੀਮ ਲਈ ਕੇਂਦਰੀ ਸਰਕਾਰ ਇਕ ਫੰਡ ਕਾਇਮ ਕਰੇਗੀ ਅਤੇ 90ਫ਼ੀ ਸਦੀ ਪੈਸਾ ਦੇਵੇਗੀ। ਬਾਕੀ ਦਾ 10 ਫੀ ਸਦੀ ਪੈਸਾ ਸੂਬਾਈ ਸਰਕਾਰ ਦੇਵੇਗੀ।ਇਸ ਕਾਨੂੰਨ ਤਹਿਤ ਦਿਹਾੜੀ ਕਰਨ ਵਾਲਿਆਂ ਵਿਚ ਗੱਟੋ ਘੱਟ 30 ਫ਼ੀ ਸਦੀ ਔਰਤਾਂ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਸਰਕਾਰੀ ਸਿਆਸਤਦਾਨਾ ਵਲੋਂ ਇਸ ਸਕੀਮ ਤਹਿਤ ਕੀਤੇ ਗਏ ਸਾਰੇ ਵਾਅਦੇ ਕਦੇ ਵੀ ਪੂਰੇ ਨਹੀਂ ਹੋਣੇ। ਇਸ ਤੋਂ ਪਹਿਲਾਂ ਵੀ ਕਈ ਵਾਰ ਇਹੋ ਜਿਹੀਆਂ ਸਕੀਮਾਂ ਕਈ ਵਾਰ ਲੋਟੂ ਜਮਾਤਾਂ ਦੀ ਸਰਕਾਰਾਂ ਨੇ ਚਲਾਈਆਂ ਹਨ। ਉਨ੍ਹਾਂ ਦਾ ਮੰਤਵ ਰੁਜ਼ਗਾਰ ਦਾ ਮਸਲਾ ਹੱਲ ਕਰਨਾ ਕਦੇ ਵੀ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਨਾਲ ਇਸ ਮਸਲੇ ਦਾ ਹੱਲ ਕਦੇ ਹੋਇਆ ਹੈ। ਦੂਸਰਾ ਇਹ ਹੈ ਕਿ ਜੇ ਹਿਸਾਬ ਲਾਕੇ ਦੇਖਿਆ ਜਾਵੇ ਤਾਂ ਸੱਠ ਰੁਪਏ ਰੋਜ਼ ਦੇ ਹਿਸਾਬ ਨਾਲ ਸਾਲ ਵਿਚ ਇਕ ਪਰਿਵਾਰ ਨੂੰ ਸਿਰਫ 6000 ਰੁਪਏ ਦੀ ਹੀ ਆਮਦਨ ਬਣਦੀ ਹੈ। ਅੱਜ ਹਿੰਦੁਸਤਾਨ ਦੇ ਕਿਸੇ ਵੀ ਪਿੰਡ ਵਿਚ ਕੋਈ ਵੀ ਪਰਿਵਾਰ 500 ਰੁਪਏ ਫ਼ੀ ਮਹੀਨੇ ਵਿਚ ਆਪਣਾ ਗੁਜ਼ਾਰਾ ਨਹੀਂ ਕਰ ਸਕਦਾ। ਦੁਸਰੀ ਗੱਲ ਇਹ ਹੈ ਕਿ ਸਾਲ ਵਿਚ ਸਿਰਫ 100 ਦਿਨ ਦੇ ਕੰਮ ਨਾਲ ਰੁਜ਼ਗਾਰ ਦਾ ਮਸਲਾ ਹੱਲ ਨਹੀਂ ਹੋ ਸਕਦਾ।  ਜ਼ਾਹਿਰ ਹੈ ਕਿ ਇਹ ਸਾਰਾ ਸਟੰਟ ਯੂ.ਪੀ.ਏ ਦੀ ਸਰਕਾਰ ਵਲੋਂ ਅਤੇ ਹਾਕਮ ਜਮਾਤਾਂ ਵਲੋਂ ਇਸ ਕਰਕੇ ਕੀਤਾ ਜਾ ਰਿਹਾ ਹੈ ਕਿਉਂਕਿ ਇਹ ਜਾਣਦੇ ਹਨ ਕਿ ਅੱਜ ਜੋ ਮਾੜਾ ਹਾਲ ਪਿੰਡਾਂ ਦੇ ਲੋਕਾਂ ਦਾ ਹੈ ਉਹਦੇ

ਖ਼ਿਲਾਫ਼ ਪਿੰਡਾ ਵਿਚ ਵਸਦੇ ਲੋਕਾਂ, ਕਿਸਾਨਾਂ ਅਤੇ ਹੋਰ ਮੇਹਨਤਕਸ਼ਾਂ ਦਾ ਰੋਸ ਅਤੇ ਰੋਹ ਵੱਧ ਰਿਹਾ ਹੈ ਅਤੇ ਇਸ ਰੋਸ ਨੂੰ ਕੁਰਾਹੇ ਪਾਉਣਾ ਹੀ ਇਸ ਸਕੀਮ ਦਾ ਮੁਖ ਮੰਤਵ ਹੈ। ਇਨ੍ਹਾਂ ਸਕੀਮਾਂ ਦਾ ਇਕ ਹੋਰ ਮੰਤਵ ਸਿਆਸਤਦਾਨਾਂ, ਹਾਕਮ ਪਾਰਟੀ ਦੇ ਕਾਰਕੁਨਾਂ ਅਤੇ ਅਫਸਰਾਂ ਵਲੋਂ ਸਰਕਾਰੀ ਖਜ਼ਾਨੇ ਦੀ ਲੁੱਟ ਕਰਨਾ ਵੀ ਹੈ। ਇਨ੍ਹਾਂ ਸਕੀਮਾਂ ਦੇ ਬਹਾਨੇ ਹੇਠ ਸਰਕਾਰੀ ਖਜ਼ਾਨੇ ਤੋਂ ਲੋਕਾਂ ਦਾ ਅਰਬਾਂ-ਖਰਬਾਂ ਰੁਪਿਆ ਇਨ੍ਹਾਂ ਦੇ ਹਵਾਲੇ ਕਰ ਦਿਤਾ ਜਾਂਦਾ ਹੈ। ਸਰਕਾਰ ਦੀਆਂ ਆਪਣੀਆਂ ਹੀ ਰਿਪੋਰਟਾਂ ਦਸਦੀਆਂ ਹਨ ਕਿ ਰੁਪਏ ਚੋਂ` ਦਸ ਪੈਸੇ ਹੀ ਇਨ੍ਹਾਂ ਸਕੀਮਾਂ ਤੇ ਖ਼ਰਚ ਹੁੰਦੇ ਹਨ ਬਾਕੀ ਸਭ ਸਿਆਸਤਦਾਨ, ਅਫਸਰ ਅਤੇ ਹੋਰ ਗੁੰਡੇ ਛਕ ਜਾਂਦੇ ਹਨ। ਇਸ ਕਾਨੂੰਨ ਨਾਲ ਕਾਂਗਰਸ ਸਰਕਾਰ ਅਤੇ ਇਸਦੇ ਜੁੰਡੀਦਾਰ ਅਗਲੇ ਇਲੈਕਸ਼ਨ ਲਈ ਵੋਟਾਂ ਖ਼ਰੀਦਣ ਦੀਆਂ ਸਕੀਮ ਬਣਾ ਰਹੇ ਹਨ ਅਤੇ ਦੇਹਾਤੀ ਇਲਾਕਿਆਂ ਵਿਚ ਆਪਣਾ ਇਕ ਵੋਟ ਬੈਂਕ ਬਣਾਉਣਾ ਚਾਹੁੰਦੇ ਹਨ।

ਰੁਜ਼ਗਾਰ ਦਾ ਹੱਕ ਲੋਕਾਂ ਦਾ ਇਕ ਬੁਨਿਆਦੀ ਹੱਕ ਹੈ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦਾ ਰਾਜ ਤੰਤ੍ਰ ਇਸ ਬੁਨਿਆਦੀ ਹੱਕ ਨੂੰ ਮਾਨਤਾ ਦੇਣ ਨੂੰ ਤਿਆਰ ਨਹੀਂ। ਸੁਪਰੀਮ ਕੋਰਟ ਨੇ ਵੀ ਆਪਣੇ ਇਕ ਫੈਸਲੇ ਵਿਚ ਇਹ ਕਿਹਾ ਸੀ ਕਿ ਜੀਣ ਦਾ ਹੱਕ ਬਗੈਰ ਰੁਜ਼ਗਾਰ ਦੇ ਹੱਕ ਦੇ ਬੇਕਾਰ ਹੈ। ਪਰ ਹਿੰਦੁਸਤਾਨ ਦਾ ਰਾਜ ਤੰਤ੍ਰ ਲੋਕਾਂ ਦੇ ਹੱਕਾਂ ਲਈ ਨੂੰ ਮਾਨਤਾ ਦੇਣ ਲਈ ਨਹੀਂ ਸੀ ਬਣਾਇਆ ਗਿਆ ਬਲਕਿ ਉਨ੍ਹਾਂ ਨੂੰ ਦਬਾਉਣ, ਗੁਲਾਮ ਰੱਖਣ, ਅਤੇ ਉਨ੍ਹਾਂ ਦੇ ਹੱਕਾਂ ਉਤੇ ਹਮਲੇ ਕਰਨ ਲਈ ਹੀ ਅੰਗੇਜ਼ਾਂ ਨੇ ਇਸ ਲੋਟੂ ਨਿਜ਼ਾਮ ਨੂੰ ਕਾਇਮ ਕੀਤਾ ਸੀ ਜੋ 1947 ਦੀ ਆਜ਼ਾਦੀ ਦੇ ਬਾਅਦ ਵੀ ਜਿਉਂ ਦਾ ਤਿਉਂ ਕਾਇਮ ਹੈ ਅਤੇ ਇਸ ਰਾਜਤੰਤਰ ਦਾ ਅੱਜ ਵੀ ਇਹੋ ਹੀ ਰੋਲ ਹੈ। ਇਹਨੂੰ ਚਲਾਉਣ ਵਾਲੀਆਂ ਤਾਕਤਾਂ ਵੀ ਉਹੋ ਹੀ ਹਨ ਜੋ ਅੰਗਰੇਜ਼ਾਂ ਦੇ ਵੇਲੇ ਉਨ੍ਹਾਂ ਦੇ ਨਾਲ ਰਲਕੇ ਸਾਡੇ ਲੋਕਾਂ ਦੀ ਲੁਟ ਕਰਦੀਆਂ ਸੀ।

ਲੋਕ ਆਪਣੇ ਰੁਜ਼ਗਾਰ ਦੇ ਹੱਕ ਅਤੇ ਹੋਰਨਾਂ ਹੱਕਾਂ ਲਈ ਹਾਕਮ ਜਮਾਤਾਂ ਦੇ ਰਾਜ ਤੰਤ੍ਰ, ਉਨ੍ਹਾਂ ਦੀ ਸਰਕਾਰ ਅਤੇ ਸਿਆਸੀ ਪਾਰਟੀਆਂ ਤੇ ਨਿਰਭਰ ਨਹੀਂ ਕਰ ਸਕਦੇ। ਉਨ੍ਹਾਂ ਨੂੰ ਆਪਣੇ ਏਕੇ, ਆਪਣੀ ਤਾਕਤ ਅਤੇ ਆਪਣੀ ਜਦੋਜਹਿਦ ਨਾਲ ਹੀ ਇਹ ਹੱਕ ਹਾਸਲ ਹੋ ਸਕਦੇ ਹਨ। ਆਪਣੇ ਹੱਕਾਂ ਦੀ  ਰਾਖੀ ਲਈ ਉਨ੍ਹਾਂ ਨੂੰ ਸਭਨਾਂ ਦੇ ਨਾਲ ਇਕੱਠੇ ਹੋਕੇ ਇਕ ਪੁਰਜ਼ੋਰ ਘੋਲ ਚਲਾਉਣ ਦੀ ਲੋੜ ਹੈ। ਇਹ ਰਾਹ ਹੀ ਉਨ੍ਹਾਂ ਦੇ ਹੱਕਾਂ ਦਾ ਇਕੋ ਇਕ ਰਾਹ ਹੈ।